Victorian Equal Opportunity & Human Rights Commission

Punjabi | ਪੰਜਾਬੀ

ਗਾਈਡ

# ਕੰਮ ਵਾਲੀ ਥਾਂ ਵਿੱਚ ਨਸਲੀ ਸਾਖ਼ਰਤਾ

ਨਸਲਵਾਦ ਨੂੰ ਪਛਾਣਨ ਲਈ ਗਿਆਨ ਅਤੇ ਹੁਨਰ ਦਾ ਵਿਕਾਸ ਕਰਨਾ

ਨਸਲੀ ਸਾਖ਼ਰਤਾ ਸਮਾਜ ਵਿੱਚ ਨਸਲਵਾਦ ਨੂੰ ਪਛਾਣਨ ਅਤੇ ਸਮਝਣ ਦਾ ਗਿਆਨ ਅਤੇ ਹੁਨਰ ਹੈ। ਇਸ ਵਿੱਚ ਇਹ ਜਾਣਨਾ ਸ਼ਾਮਲ ਹੈ ਕਿ ਨਸਲਵਾਦ ਕਿੱਥੇ ਅਤੇ ਕਿਵੇਂ ਵਾਪਰਦਾ ਹੈ ਅਤੇ ਇਸਦੀ ਪਛਾਣ ਕਰਨ, ਇਸਦਾ ਜਵਾਬ ਦੇਣ ਅਤੇ ਇਸਨੂੰ ਵਾਪਰਨ ਤੋਂ ਰੋਕਣ ਦੇ ਯੋਗ ਹੋਣਾ ਸ਼ਾਮਲ ਹੈ।

ਨਸਲੀ ਸਾਖ਼ਰਤਾ ਲੋਕਾਂ ਨੂੰ ਇਹ ਪਛਾਣਨ ਵਿੱਚ ਮਦਦ ਕਰਦੀ ਹੈ ਕਿ ਸਮਾਜ ਵਿੱਚ ਹਰ ਥਾਂ ਨਸਲਵਾਦ ਹੈ, ਜਿਸ ਵਿੱਚ ਪ੍ਰਣਾਲੀਆਂ, ਸ਼ਕਤੀਆਂ ਦੇ ਢਾਂਚੇ, ਵਿਅਕਤੀਗਤ ਰਵੱਈਏ ਅਤੇ ਵਿਵਹਾਰ ਸ਼ਾਮਲ ਹਨ। ਇਹ ਲੋਕਾਂ ਨੂੰ ਤਬਦੀਲੀ ਪੈਦਾ ਕਰਨ ਅਤੇ ਨਸਲਵਾਦ ਦੇ ਨੁਕਸਾਨ ਨੂੰ ਘਟਾਉਣ ਵਿੱਚ ਵੀ ਮਦਦ ਕਰਦੀ ਹੈ।

ਇਹ ਗਾਈਡ ਨਸਲੀ ਸਾਖ਼ਰਤਾ ਦੀ ਜਾਣ-ਪਛਾਣ ਹੈ ਅਤੇ ਇਸ ਵਿੱਚ ਇਹਨਾਂ ਬਾਰੇ ਜਾਣਕਾਰੀ ਸ਼ਾਮਲ ਹੈ:

- ਨਸਲਵਾਦ ਕੀ ਹੈ
- ਨਸਲਵਾਦ ਕਿਹੋ ਜਿਹਾ ਦਿਖਾਈ ਦੇ ਸਕਦਾ ਹੈ
- ਵਿਕਟੋਰੀਆ ਵਿੱਚ ਨਸਲਵਾਦ ਬਾਰੇ ਕਾਨੂੰਨ
- ਹੋਰ ਮੁੱਖ ਧਾਰਨਾਵਾਂ।

# ਨਸਲੀ ਸਾਖ਼ਰਤਾ ਗਾਈਡ

ਨਸਲੀ ਸਾਖ਼ਰਤਾ ਸਮਾਜ ਵਿੱਚ ਨਸਲਵਾਦ ਨੂੰ ਪਛਾਣਨ ਅਤੇ ਸਮਝਣ ਦਾ ਗਿਆਨ ਅਤੇ ਹੁਨਰ ਹੈ। ਇਸ ਵਿੱਚ ਇਹ ਜਾਣਨਾ ਸ਼ਾਮਲ ਹੈ ਕਿ ਨਸਲਵਾਦ ਕਿੱਥੇ ਅਤੇ ਕਿਵੇਂ ਵਾਪਰਦਾ ਹੈ ਅਤੇ ਇਸਦੀ ਪਛਾਣ ਕਰਨ, ਇਸਦਾ ਜਵਾਬ ਦੇਣ ਅਤੇ ਇਸਨੂੰ ਵਾਪਰਨ ਤੋਂ ਰੋਕਣ ਦੇ ਯੋਗ ਹੋਣਾ ਸ਼ਾਮਲ ਹੈ।

ਨਸਲੀ ਸਾਖ਼ਰਤਾ ਲੋਕਾਂ ਨੂੰ ਇਹ ਪਛਾਣਨ ਵਿੱਚ ਮਦਦ ਕਰਦੀ ਹੈ ਕਿ ਸਮਾਜ ਵਿੱਚ ਹਰ ਥਾਂ ਨਸਲਵਾਦ ਹੈ, ਜਿਸ ਵਿੱਚ ਪ੍ਰਣਾਲੀਆਂ, ਸ਼ਕਤੀਆਂ ਦੇ ਢਾਂਚੇ, ਵਿਅਕਤੀਗਤ ਰਵੱਈਏ ਅਤੇ ਵਿਵਹਾਰ ਸ਼ਾਮਲ ਹਨ। ਇਹ ਲੋਕਾਂ ਨੂੰ ਤਬਦੀਲੀ ਪੈਦਾ ਕਰਨ ਅਤੇ ਨਸਲਵਾਦ ਦੇ ਨੁਕਸਾਨ ਨੂੰ ਘਟਾਉਣ ਵਿੱਚ ਵੀ ਮਦਦ ਕਰਦੀ ਹੈ।

ਇਹ ਗਾਈਡ ਨਸਲੀ ਸਾਖ਼ਰਤਾ ਦੀ ਜਾਣ-ਪਛਾਣ ਹੈ ਅਤੇ ਇਸ ਵਿੱਚ ਸ਼ਾਮਲ ਹਨ:

- ਨਸਲਵਾਦ ਕੀ ਹੈ
- ਨਸਲਵਾਦ ਕਿਹੋ ਜਿਹਾ ਦਿਖਾਈ ਦੇ ਸਕਦਾ ਹੈ
- ਵਿਕਟੋਰੀਆ ਵਿੱਚ ਨਸਲਵਾਦ ਬਾਰੇ ਕਾਨੂੰਨ
- ਹੋਰ ਮੁੱਖ ਧਾਰਨਾਵਾਂ।

## ਨਸਲਵਾਦ ਕੀ ਹੈ?

ਨਸਲਵਾਦ ਇਹ ਵਿਚਾਰ ਹੈ ਕਿ ਇੱਕ ਖ਼ਾਸ ਨਸਲ ਦੂਜਿਆਂ ਨਾਲੋਂ ਘਟੀਆ ਜਾਂ ਉੱਤਮ ਹੈ। ਨਸਲਵਾਦ ਸਮਾਜਿਕ ਪ੍ਰਣਾਲੀਆਂ, ਵਿਸ਼ਵਾਸਾਂ ਅਤੇ ਰਵੱਈਏ ਵਿੱਚ ਪ੍ਰਗਟ ਹੁੰਦਾ ਹੈ ਜੋ ਉੱਤਮਤਾ ਅਤੇ ਅੰਤਰ ਨੂੰ ਮਜ਼ਬੂਤ ਕਰਦੇ ਹਨ।

ਨਸਲਵਾਦ ਦੇ ਵੱਖੋ-ਵੱਖਰੇ ਪ੍ਰਭਾਵ ਹਨ: ਵਿਅਕਤੀਗਤ ਰਵੱਈਏ, ਸਮਾਜਿਕ ਕਦਰਾਂ-ਕੀਮਤਾਂ, ਅਤੇ ਸੰਸਥਾਗਤ ਅਭਿਆਸ। ਇਹ ਪ੍ਰਭਾਵ ਨੀਤੀਆਂ, ਕਾਨੂੰਨਾਂ, ਅਭਿਆਸਾਂ, ਮੀਡੀਆ, ਰੂੜ੍ਹੀਵਾਦੀ ਧਾਰਨਾਵਾਂ, ਰਵੱਈਏ ਅਤੇ ਪੱਖਪਾਤ (ਕਿਸੇ ਦੇ ਚਰਿੱਤਰ ਬਾਰੇ ਅਣਉਚਿਤ ਧਾਰਨਾਵਾਂ ਜਾਂ ਵਿਸ਼ਵਾਸਾਂ) ਤੋਂ ਆ ਸਕਦੇ ਹਨ।

ਨਸਲਵਾਦ ਦੇ ਵਿਅਕਤੀਆਂ, ਭਾਈਚਾਰਿਆਂ ਅਤੇ ਕਾਰਜ ਸਥਾਨਾਂ ਲਈ ਸਿਹਤ, ਸਮਾਜਿਕ ਅਤੇ ਆਰਥਿਕ ਪ੍ਰਭਾਵ ਨੁਕਸਾਨਦੇਹ ਹਨ।

ਨਸਲਵਾਦ ਦੀਆਂ ਤਿੰਨ ਮੁੱਖ ਕਿਸਮਾਂ ਹਨ ਜੋ ਇੱਕ ਦੂਜੇ ਵਿੱਚ ਸ਼ਾਮਲ ਹੁੰਦੀਆਂ ਹਨ ਅਤੇ ਪ੍ਰਭਾਵਿਤ ਕਰਦੀਆਂ ਹਨ।

## ਪ੍ਰਣਾਲੀਗਤ

ਪ੍ਰਣਾਲੀਗਤ ਨਸਲਵਾਦ ਉਹਨਾਂ ਢਾਂਚਿਆਂ, ਨਿਯਮਾਂ ਅਤੇ ਕਦਰਾਂ ਨੂੰ ਦਰਸਾਉਂਦਾ ਹੈ ਜੋ ਸਿੱਧੇ ਜਾਂ ਅਸਿੱਧੇ ਤੌਰ 'ਤੇ ਨਸਲੀ ਤੌਰ 'ਤੇ ਵੰਚਿਤ (ਜਾਂ ਸਿਰਫ਼ ਨਸਲੀ) ਸਮੂਹਾਂ ਦੇ ਲੋਕਾਂ ਨਾਲ ਵਿਤਕਰਾ ਕਰਦੇ ਹਨ, ਬਾਹਰ ਰੱਖਦੇ ਹਨ ਜਾਂ ਨੁਕਸਾਨ ਪਹੁੰਚਾਉਂਦੇ ਹਨ।

ਪ੍ਰਣਾਲੀਗਤ ਨਸਲਵਾਦ ਵਿੱਚ ਸਭਿਆਚਾਰਕ ਨਿਯਮਾਂ, ਕਾਨੂੰਨਾਂ, ਅਤੇ ਵਿਸ਼ਵਾਸ-ਪ੍ਰਣਾਲੀਆਂ ਦੇ ਨਾਲ-ਨਾਲ ਕਾਰਜ ਸਥਾਨ ਵਿੱਚ ਨੀਤੀਆਂ, ਪ੍ਰਕਿਰਿਆਵਾਂ ਅਤੇ ਅਭਿਆਸਾਂ ਵਰਗੀਆਂ ਚੀਜ਼ਾਂ ਸ਼ਾਮਲ ਹੁੰਦੀਆਂ ਹਨ।

*ਉਦਾਹਰਣ ਲਈ:* ਕੰਮ ਵਾਲੀ ਥਾਂ, ਨੌਕਰੀਆਂ ਲਈ 'ਗੈਰ-ਆਸਟ੍ਰੇਲੀਆ ਵਾਸੀ' ਨਾਵਾਂ ਵਾਲੇ ਸਾਰੇ ਬਿਨੈਕਾਰਾਂ ਨੂੰ ਨਜ਼ਰਅੰਦਾਜ਼ ਕਰਦੀ ਹੈ।

## ਅੰਤਰ-ਵਿਅਕਤੀਗਤ

ਅੰਤਰ-ਵਿਅਕਤੀਗਤ ਨਸਲਵਾਦ ਉਦੋਂ ਹੁੰਦਾ ਹੈ ਜਦੋਂ ਕੋਈ ਕਿਸੇ ਨਸਲੀ ਭਾਈਚਾਰੇ ਤੋਂ ਆਏ ਵਿਅਕਤੀ (ਜਾਂ ਲੋਕਾਂ ਦੇ ਸਮੂਹ) ਨਾਲ ਵਿਤਕਰਾ ਕਰਦਾ ਹੈ, ਬਾਹਰ ਰੱਖਦਾ ਹੈ ਜਾਂ ਵੰਚਿਤ ਕਰਦਾ ਹੈ।

ਕੋਈ ਵੀ ਵਿਅਕਤੀ ਅੰਤਰ-ਵਿਅਕਤੀਗਤ ਨਸਲਵਾਦ ਨੂੰ ਕਰ ਸਕਦਾ ਹੈ, ਜਿਸ ਵਿੱਚ ਉਹ ਲੋਕ ਵੀ ਸ਼ਾਮਲ ਹਨ ਜੋ ਖੁਦ ਨਸਲਵਾਦ ਦਾ ਨਿਸ਼ਾਨਾ ਹੋ ਸਕਦੇ ਹਨ। ਅੰਤਰ-ਵਿਅਕਤੀਗਤ ਨਸਲਵਾਦ ਚੇਤੰਨ ਅਤੇ ਅਣਜਾਣੇ ਵਿੱਚ ਹੋ ਸਕਦਾ ਹੈ - ਅਪਰਾਧੀ ਨੂੰ ਹਮੇਸ਼ਾ ਪਤਾ ਨਹੀਂ ਹੁੰਦਾ ਕਿ ਉਸਦਾ ਵਿਵਹਾਰ ਨਸਲਵਾਦੀ ਹੈ।

ਅੰਤਰ-ਵਿਅਕਤੀਗਤ ਨਸਲਵਾਦ **ਸੂਖਮ** ਜਾਂ **ਸਪੱਸ਼ਟ ਰੂਪ** ਵਿੱਚ ਹੋ ਸਕਦਾ ਹੈ।

**ਸੂਖਮ ਅੰਤਰ-ਵਿਅਕਤੀਗਤ ਨਸਲਵਾਦ** ਛੋਟੇ-ਛੋਟੇ ਹਮਲੇ, ਟਿੱਪਣੀਆਂ, ਸਵਾਲ, ਧਾਰਨਾਵਾਂ, ਜਾਂ ਕਾਰਵਾਈਆਂ ਸ਼ਾਮਲ ਹਨ ਜੋ ਲੋਕਾਂ ਅਤੇ ਭਾਈਚਾਰਿਆਂ ਬਾਰੇ ਨਸਲਵਾਦੀ ਵਿਚਾਰਾਂ ਜਾਂ ਰੂੜ੍ਹੀਵਾਦੀ ਧਾਰਨਾਵਾਂ ਨੂੰ ਮਜ਼ਬੂਤ ਕਰਦੀਆਂ ਹਨ।

*ਉਦਾਹਰਣ ਲਈ:* ਕਿਸੇ ਨਾਲ ਕੰਮ ਕਰਦੇ ਵਿਅਕਤੀ ਦੀ ਨਸਲ ਜਾਂ ਚਮੜੀ ਦੇ ਰੰਗ ਦੇ ਆਧਾਰ 'ਤੇ ਉਸ ਦੀ ਯੋਗਤਾ ਅਤੇ ਹੁਨਰ ਬਾਰੇ ਧਾਰਨਾਵਾਂ ਬਣਾਉਣਾ।

**ਸਪੱਸ਼ਟ ਅੰਤਰ-ਵਿਅਕਤੀਗਤ ਨਸਲਵਾਦ** ਕਿਸੇ ਹੋਰ ਵਿਅਕਤੀ ਜਾਂ ਸਮੂਹ ਪ੍ਰਤੀ ਉਹਨਾਂ ਦੀ ਨਸਲ ਦੇ ਕਾਰਨ ਉਦੇਸ਼ਪੂਰਨ ਅਤੇ/ ਜਾਂ ਸਪੱਸ਼ਟ ਨੁਕਸਾਨਦੇਹ ਵਾਲੇ ਰਵੱਈਏ ਜਾਂ ਵਿਵਹਾਰ ਦਾ ਵਰਣਨ ਕਰਦਾ ਹੈ।

*ਉਦਾਹਰਣ ਲਈ:* ਅਮਲੇ ਦੇ ਮੈਂਬਰ ਜੋ ਨਸਲੀ ਤੌਰ 'ਤੇ ਵੰਚਿਤ ਪਿਛੋਕੜ ਵਾਲੇ ਨਾਲ ਕੰਮ ਕਰਨ ਵਾਲੇ ਵਿਅਕਤੀਆਂ ਨਾਲ ਗੱਲਬਾਤ ਸਾਂਝੀ ਕਰਨ ਜਾਂ ਗੱਲ ਕਰਨ ਤੋਂ ਇਨਕਾਰ ਕਰਦੇ ਹਨ ਕਿਉਂਕਿ ਉਹ ਉਨ੍ਹਾਂ ਨੂੰ ਆਪਣੇ ਬਰਾਬਰ ਨਹੀਂ ਸਮਝਦੇ।

## ਅੰਦਰੂਨੀ


ਅੰਦਰੂਨੀ ਨਸਲਵਾਦ ਉਦੋਂ ਹੁੰਦਾ ਹੈ ਜਦੋਂ ਕੋਈ ਵਿਅਕਤੀ ਆਪਣੀ ਨਸਲ ਜਾਂ ਸਭਿਆਚਾਰਕ ਸਮੂਹ ਬਾਰੇ ਨਸਲਵਾਦੀ ਵਿਚਾਰਾਂ, ਜਾਂ ਰਵੱਈਏ ਵਿੱਚ ਵਿਸ਼ਵਾਸ ਕਰਦਾ ਹੈ ਜਾਂ ਸਮਰਥਨ ਕਰਦਾ ਹੈ। ਇਸ ਨਾਲ ਲੋਕ ਆਪਣੇ ਆਪ ਨੂੰ ਅਤੇ ਆਪਣੇ ਸਭਿਆਚਾਰ ਨੂੰ ਵੱਖੋ-ਵੱਖਰੇ ਢੰਗ ਨਾਲ ਲੁਕਾਉਣ ਜਾਂ ਪੇਸ਼ ਕਰਨ, ਆਪਣੇ ਬਾਰੇ ਬੁਰਾ ਸੋਚਣ, ਆਪਣੇ ਆਪ ਨੂੰ ਦੂਰ ਕਰਨ ਜਾਂ ਆਪਣੇ ਸਮਾਜ ਅਤੇ ਸਭਿਆਚਾਰ ਉਪਰ ਹਮਲਾ ਕਰਨ ਦੀ ਅਗਵਾਈ ਵੀ ਕਰ ਸਕਦੇ ਹਨ।

*ਉਦਾਹਰਣ ਲਈ* : ਇੱਕ ਨੌਜਵਾਨ ਪੈਸੇਫਿਕ ਆਈਲੈਂਡਰ ਆਸਟ੍ਰੇਲੀਆ ਵਾਸੀ ਖੋਜਕਰਤਾ ਬਣਨਾ ਚਾਹੁੰਦਾ ਹੈ ਪਰ ਮੰਨਦਾ ਹੈ ਕਿ ਪੈਸੇਫਿਕ ਆਈਲੈਂਡਰਾਂ ਬਾਰੇ ਰੂੜ੍ਹੀਵਾਦੀ ਵਿਚਾਰਾਂ ਕਾਰਨ ਉਨ੍ਹਾਂ ਲਈ ਕੋਈ ਥਾਂ ਨਹੀਂ ਹੈ ਕਿਉਂਕਿ ਉਹ 'ਬੇ-ਭਰੋਸੇਯੋਗ' ਹਨ ਇਸ ਲਈ ਅਧਿਐਨ ਲਈ ਦਾਖ਼ਲਾ ਨਹੀਂ ਲੈਂਦਾ ਹੈ।

## ਵਿਕਟੋਰੀਆ ਵਿੱਚ ਨਸਲਵਾਦ ਬਾਰੇ ਕੀ ਕਾਨੂੰਨ ਹੈ?

ਹੋ ਸਕਦਾ ਹੈ ਕਿ ਨਸਲਵਾਦ ਦੇ ਕੁਝ ਅਨੁਭਵ ਇਹਨਾਂ ਕਾਨੂੰਨਾਂ ਦੇ ਅਧੀਨ ਨਹੀਂ ਆਉਂਦੇ ਹਨ। ਹਾਲਾਂਕਿ, ਨਸਲਵਾਦ ਨਸਲੀ ਵਿਤਕਰੇ ਅਤੇ ਨਸਲੀ ਬਦਨਾਮੀ ਦਾ ਕਾਰਨ ਹੈ, ਅਤੇ ਇਸ ਲਈ ਨਸਲਵਾਦ ਨੂੰ ਰੋਕਣ ਅਤੇ ਜਵਾਬ ਦੇਣ ਦੀ ਕੋਈ ਵੀ ਸਾਰਥਕ ਕੋਸ਼ਿਸ਼ ਇਹਨਾਂ ਵਿਵਹਾਰਾਂ ਦਾ ਵੀ ਹੱਲ ਕਰੇਗੀ।

### *ਬਰਾਬਰ ਮੌਕਿਆਂ ਦਾ ਕਾਨੂੰਨ 2010* (ਵਿਕਟੋਰੀਆ)





| ਵਿਕਟੋਰੀਆ | ਕੌਮਨਵੈਲਥ |
|---|---|
| *ਬਰਾਬਰ ਮੌਕਿਆਂ ਦਾ ਕਾਨੂੰਨ 2010*<br>*ਨਸਲੀ ਅਤੇ ਧਾਰਮਿਕ ਸਹਿਣਸ਼ੀਲਤਾ ਕਾਨੂੰਨ 2001* | *ਨਸਲੀ ਵਿਤਕਰਾ ਕਾਨੂੰਨ 1975* |

ਬਰਾਬਰ ਮੌਕਿਆਂ ਦਾ ਕਾਨੂੰਨ (EOA) ਵਿਕਟੋਰੀਆ ਵਿੱਚ ਰੁਜ਼ਗਾਰ ਸਮੇਤ ਜਨਤਕ ਜੀਵਨ ਦੇ ਕੁਝ ਖੇਤਰਾਂ ਵਿੱਚ ਨਸਲ ਦੇ ਆਧਾਰ 'ਤੇ ਵਿਤਕਰੇ ਦੀ ਮਨਾਹੀ ਕਰਦਾ ਹੈ। EOA ਦੇ ਅਧੀਨ ਨਸਲ ਦਾ ਮਤਲਬ ਹੈ ਕਿਸੇ ਦਾ ਰੰਗ, ਵੰਸ਼ ਜਾਂ ਕੁਲ, ਕੌਮੀਅਤ, ਨਸਲੀ ਪਿਛੋਕੜ, ਜਾਂ ਕਿਸੇ ਖ਼ਾਸ ਨਸਲ ਨਾਲ ਜੁੜੀਆਂ ਕੋਈ ਵਿਸ਼ੇਸ਼ਤਾਵਾਂ।

ਇਹ ਵਿਤਕਰਾ **ਸਿੱਧਾ** ਜਾਂ **ਅਸਿੱਧਾ** ਹੋ ਸਕਦਾ ਹੈ।

**ਸਿੱਧਾ ਵਿਤਕਰਾ** ਉਦੋਂ ਵਾਪਰਦਾ ਹੈ ਜਦੋਂ ਕਿਸੇ ਨਾਲ ਉਸਦੀ ਨਸਲ ਦੇ ਕਾਰਨ ਅਣਉਚਿਤ ਜਾਂ ਅਨੁਚਿਤ ਵਿਵਹਾਰ ਕੀਤਾ ਜਾਂਦਾ ਹੈ।

> *ਉਦਾਹਰਣ ਲਈ:* ਇੱਕ ਮੈਨੇਜਰ ਵੀਅਤਨਾਮੀ ਵਿਰਾਸਤ ਵਾਲੇ ਕਰਮਚਾਰੀ ਜੋ ਵਧੇਰੇ ਯੋਗਤਾ ਪ੍ਰਾਪਤ, ਭੂਮਿਕਾ ਲਈ ਬਿਹਤਰ ਅਨੁਕੂਲ ਹੈ, ਅਤੇ ਸੰਗਠਨ ਵਿੱਚ ਲੰਬੇ ਸਮੇਂ ਤੱਕ ਕੰਮ ਕੀਤਾ ਹੈ ਦੀ ਬਜਾਏ ਇੱਕ ਗੋਰੇ ਕਰਮਚਾਰੀ ਨੂੰ ਤਰੱਕੀ ਦਿੰਦਾ ਹੈ।

**ਅਸਿੱਧੇ ਵਿਤਕਰਾ** ਇਹ ਉਦੋਂ ਹੁੰਦਾ ਹੈ ਜਦੋਂ ਕਿ ਨਿਯਮ, ਸਥਿਤੀ ਜਾਂ ਅਭਿਆਸ ਲਾਗੂ ਕੀਤਾ ਜਾਂਦਾ ਹੈ ਜੋ ਹਰ ਕਿਸੇ 'ਤੇ ਲਾਗੂ ਹੁੰਦਾ ਹੈ ਪਰ ਕੁਝ ਲੋਕਾਂ ਨੂੰ ਉਹਨਾਂ ਦੀ ਨਸਲ ਦੇ ਕਾਰਨ ਗ਼ਲਤ ਢੰਗ ਨਾਲ ਪ੍ਰਭਾਵਿਤ ਕਰੇਗਾ।

> *ਉਦਾਹਰਣ ਲਈ:* ਸਾਰੇ ਅਮਲੇ ਨੂੰ ਆਈਡੀ ਫ਼ੋਟੋਆਂ ਲਈ ਸਿਰ ਉਪਰ ਪਹਿਨਣ ਵਾਲੇ ਕੱਪੜੇ ਅਤੇ ਗਹਿਣੇ ਹਟਾਉਣੇ ਪੈਣਗੇ। ਇਹ ਅਸਿੱਧੇ ਤੌਰ 'ਤੇ ਵਿਤਕਰਾ ਹੋ ਸਕਦਾ ਹੈ ਜੇਕਰ ਨਿਯਮ ਉਹਨਾਂ ਲੋਕਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ ਜੋ ਸਭਿਆਚਾਰਕ ਕਾਰਨਾਂ ਕਰਕੇ ਪੱਗੜੀ ਜਾਂ ਹਿਜ਼ਾਬ ਅਤੇ ਹੋਰ ਸਮਾਨ ਪਹਿਨਦੇ ਹਨ (ਅਤੇ ਉਹਨਾਂ ਲਈ ਨਹੀਂ ਜੋ ਨਹੀਂ ਪਹਿਨਦੇ) ਅਤੇ ਇਹ ਵਾਜਬ ਨਹੀਂ ਹੈ।

**ਸਕਾਰਾਤਮਕ ਫ਼ਰਜ਼** EOA ਅਧੀਨ ਰੁਜ਼ਗਾਰਦਾਤਿਆਂ ਲਈ ਵਿਤਕਰੇ, ਜਿਨਸੀ ਉਤਪੀੜਨ, ਅਤੇ ਪੀੜਤਾਂ ਨਾਲ ਹੁੰਦੀ ਬਦਸਲੂਕੀ ਨੂੰ ਜਿੰਨਾ ਸੰਭਵ ਹੋ ਸਕੇ ਰੋਕਣ ਲਈ ਕਿਰਿਆਸ਼ੀਲ, ਵਾਜਬ ਅਤੇ ਸੰਤੁਲਿਤ ਕਦਮ ਚੁੱਕਣ ਦੀ ਕਾਨੂੰਨੀ ਜ਼ਿੰਮੇਵਾਰੀ ਹੈ।

> ਸਕਾਰਾਤਮਕ ਫ਼ਰਜ਼ਾਂ ਨੂੰ ਕਿਵੇਂ ਲਾਗੂ ਕਰਨਾ ਹੈ ਦੀਆਂ ਉਦਾਹਰਣਾਂ ਲਈ ਅਧਿਆਇ 4 ਵੇਖੋ। ਦਿਸ਼ਾ-ਨਿਰਦੇਸ਼ ਦੇ ਸਕਾਰਾਤਮਕ ਫ਼ਰਜ਼ ਨੂੰ ਸਮਝਣਾ: *ਕੰਮ ਵਾਲੀ ਥਾਂ ਵਿੱਚ ਨਸਲੀ ਵਿਤਕਰਾ*

### *ਨਸਲੀ ਅਤੇ ਧਾਰਮਿਕ ਸਹਿਣਸ਼ੀਲਤਾ ਕਾਨੂੰਨ 2001* (ਵਿਕਟੋਰੀਆ)

ਨਸਲੀ ਅਤੇ ਧਾਰਮਿਕ ਸਹਿਣਸ਼ੀਲਤਾ ਕਾਨੂੰਨ ਨਸਲੀ ਅਤੇ ਧਾਰਮਿਕ **ਬਦਨਾਮੀ** ਦੀ ਮਨਾਹੀ ਕਰਦਾ ਹੈ। ਬਦਨਾਮ ਕਰਨਾ ਜਨਤਕ ਵਿਵਹਾਰ ਹੈ ਜੋ ਦੂਜਿਆਂ ਨੂੰ ਉਹਨਾਂ ਦੀ ਨਸਲ ਜਾਂ ਧਰਮ ਦੇ ਅਧਾਰ 'ਤੇ ਕਿਸੇ ਵਿਅਕਤੀ ਜਾਂ ਲੋਕਾਂ ਦੇ ਸਮੂਹ ਪ੍ਰਤੀ ਨਫ਼ਰਤ ਕਰਨ ਜਾਂ ਮਖੌਲ ਉਡਾਉਣ ਲਈ ਉਤਸ਼ਾਹਿਤ ਕਰਦਾ ਹੈ।

> *ਉਦਾਹਰਣ ਲਈ:* ਕੋਈ ਵਿਅਕਤੀ ਦਫ਼ਤਰ ਵਿਚ ਚੋਰੀ ਹੋਣ 'ਤੇ ਕਿਸੇ ਵੱਖਰੇ ਨਸਲੀ ਪਿਛੋਕੜ ਵਾਲੇ ਅਮਲੇ ਦੇ ਮੈਂਬਰ 'ਤੇ ਝੂਠਾ ਦੋਸ਼ ਲਾਉਂਦਾ ਹੈ, ਇਹ ਦਾਅਵਾ ਕਰਦਾ ਹੈ ਕਿ ਇਹ ਉਨ੍ਹਾਂ ਦੀ ਨਸਲ ਲਈ ਇਹ ਖ਼ਾਸ ਵਿਵਹਾਰ ਹੈ ਅਤੇ 'ਉਨ੍ਹਾਂ ਵਰਗੇ ਲੋਕ ਦੇਸ਼ ਨੂੰ ਅਸੁਰੱਖਿਅਤ ਬਣਾਉਂਦੇ ਹਨ'।

### *ਨਸਲੀ ਵਿਤਕਰਾ ਕਾਨੂੰਨ 1975* (ਕੌਮਨਵੈਲਥ)

ਨਸਲੀ ਵਿਤਕਰਾ ਕਾਨੂੰਨ ਆਸਟ੍ਰੇਲੀਆ ਦਾ ਸੰਘੀ ਨਸਲੀ ਵਿਤਕਰਾ ਵਿਰੋਧੀ ਕਾਨੂੰਨ ਹੈ ਅਤੇ ਆਸਟ੍ਰੇਲੀਆ ਵਿੱਚ ਨਸਲ, ਰੰਗ, ਵੰਸ਼ ਜਾਂ ਰਾਸ਼ਟਰੀ ਜਾਂ ਨਸਲੀ ਮੂਲ ਦੇ ਆਧਾਰ 'ਤੇ ਵਿਤਕਰੇ ਨੂੰ ਮਨ੍ਹਾਂ ਕਰਦਾ ਹੈ। ਇਸ ਵਿੱਚ ਰੁਜ਼ਗਾਰ ਵਿੱਚ ਹੋਣ ਵਾਲਾ ਵਿਤਕਰਾ ਵੀ ਸ਼ਾਮਲ ਹੈ।

## ਮੁੱਖ ਧਾਰਨਾਵਾਂ

ਨਸਲਵਾਦ ਬਾਰੇ ਗੱਲ ਕਰਨ ਲਈ ਜੋ ਭਾਸ਼ਾ ਅਸੀਂ ਵਰਤਦੇ ਹਾਂ ਉਹ ਮਹੱਤਵਪੂਰਨ, ਗੁੰਝਲਦਾਰ ਅਤੇ ਸਮੇਂ ਦੇ ਨਾਲ ਵਿਕਸਤ ਹੁੰਦੀ ਹੈ। ਵਰਤੀ ਗਈ ਭਾਸ਼ਾ ਸ਼ਾਇਦ ਹਰ ਕਿਸੇ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦੀ। ਹਾਲਾਂਕਿ ਇਹ ਨਸਲੀ ਸਾਖ਼ਰਤਾ ਨਾਲ ਸੰਬੰਧਿਤ ਮੁੱਖ ਧਾਰਨਾਵਾਂ ਦੀ ਇੱਕ ਬੁਨਿਆਦੀ ਸੰਖੇਪ ਜਾਣਕਾਰੀ ਹੈ।

### ਸਭਿਆਚਾਰਕ ਸੁਰੱਖਿਆ

ਸਭਿਆਚਾਰਕ ਸੁਰੱਖਿਆ ਮਾਓਰੀ ਪ੍ਰੈਕਟੀਸ਼ਨਰਾਂ ਦੁਆਰਾ ਬਣਾਈ ਗਈ ਇੱਕ ਧਾਰਨਾ ਹੈ, ਜਿਸ ਨੂੰ ਮੁੱਖ ਤੌਰ 'ਤੇ ਆਦਿ-ਕਾਲ ਤੋਂ ਰਹਿਣ ਵਾਲੇ ਲੋਕਾਂ (ਫ਼ਸਟ ਪੀਪਲਜ਼) ਦੁਆਰਾ ਆਸਟ੍ਰੇਲੀਆ ਦੇ ਸੰਦਰਭ ਵਿੱਚ ਅਨੁਕੂਲਿਤ ਕੀਤਾ ਗਿਆ ਹੈ ਜੋ ਕੰਮ ਵਾਲੀ ਥਾਂ ਦੇ ਵਾਤਾਵਰਣ ਨੂੰ ਦਰਸਾਉਂਦੀ ਹੈ, ਜੋ ਇਸਨੂੰ ਧਮਕਾਉਣ ਜਾਂ ਕਮਜ਼ੋਰ ਕਰਨ ਦੀ ਬਜਾਏ ਕਿਸੇ ਵਿਅਕਤੀ ਦੀ ਸਭਿਆਚਾਰਕ ਪਛਾਣ ਅਤੇ ਤਜ਼ਰਬਿਆਂ ਨੂੰ ਮੰਨਦਾ ਹੈ ਅਤੇ ਉਨ੍ਹਾਂ ਦੀ ਕਦਰ ਕਰਦਾ ਹੈ।

*ਉਦਾਹਰਣ ਲਈ:* ਅਮਲੇ ਨੂੰ ਕੰਮ ਵਾਲੀ ਥਾਂ ਵਿੱਚ ਵਿਭਿੰਨਤਾ ਨੂੰ ਅਪਣਾਉਣ ਅਤੇ ਵੱਖ-ਵੱਖ ਨਸਲੀ ਜਾਂ ਧਾਰਮਿਕ ਪਿਛੋਕੜਾਂ ਵਾਲੇ ਸਹਿਕਰਮੀਆਂ ਨਾਲ ਆਦਰਪੂਰਵਕ ਗੱਲਬਾਤ ਕਰਨ ਬਾਰੇ ਸਿਖਲਾਈ ਪ੍ਰਾਪਤ ਹੁੰਦੀ ਹੈ।

### ਵਿਰੋਧਤਾ (ਇੰਟਰਸੈਕਸ਼ਨਲਿਟੀ)

ਇੰਟਰਸੈਕਸ਼ਨਲਿਟੀ ਦੱਸਦੀ ਹੈ ਕਿ ਕਿਵੇਂ ਕਿਸੇ ਵਿਅਕਤੀ ਦੇ ਜੀਵਨ ਵਿੱਚ ਵੱਖੋ-ਵੱਖਰੀਆਂ ਪਛਾਣਾਂ ਹੋ ਸਕਦੀਆਂ ਹਨ ਜਿਵੇਂ ਕਿ, ਲਿੰਗ, ਨਸਲ, ਜਿਨਸੀ ਰੁਝਾਨ, ਸਮਾਜਿਕ-ਆਰਥਿਕ ਪਿਛੋਕੜ, ਅਪਾਹਜਤਾ, ਅਤੇ ਨਤੀਜੇ ਵਜੋਂ ਵਿਤਕਰੇ ਜਾਂ 'ਇੰਟਰਸੈਕਸ਼ਨਲ ਭੇਦਭਾਵ' ਦੇ ਵੱਖ-ਵੱਖ ਜਾਂ ਵਿਲੱਖਣ ਰੂਪਾਂ ਦਾ ਅਨੁਭਵ ਕਰ ਸਕਦਾ ਹੈ।

*ਉਦਾਹਰਣ ਲਈ:* ਦਫ਼ਤਰ ਵਿਚ ਨਿਰਾਸ਼ਾ ਜ਼ਾਹਰ ਕਰਨ ਵਾਲੀ ਕਾਲੀ ਔਰਤ ਨੂੰ 'ਗੁੱਸੇ ਵਾਲੀ, ਡਰਾਉਣੀ ਅਤੇ ਅਗਵਾਈ ਲਈ ਅਯੋਗ' ਕਿਹਾ ਜਾਂਦਾ ਹੈ ਜਦੋਂ ਕਿ ਉਸੇ ਭਾਵਨਾ ਦਾ ਪ੍ਰਗਟਾਵਾ ਕਰਨ ਵਾਲੇ ਗੋਰੇ ਆਦਮੀ ਨੂੰ 'ਭਾਵੁਕ ਸਾਰੇ ਕੰਮ ਕਰਨ ਵਾਲਾ' ਕਿਹਾ ਜਾਂਦਾ ਹੈ।

### ਵਿਸ਼ੇਸ਼ ਅਧਿਕਾਰ

ਵਿਸ਼ੇਸ਼ ਅਧਿਕਾਰ ਇੱਕ ਫਾਇਦਾ ਜਾਂ ਸੁਰੱਖਿਆ ਹੈ ਜੋ ਸਮਾਜ ਵਿੱਚ ਕੁਝ ਲੋਕਾਂ ਜਾਂ ਸਮੂਹਾਂ ਨੂੰ ਪ੍ਰਾਪਤ ਹੁੰਦੀ ਹੈ। ਵਿਸ਼ੇਸ਼ ਅਧਿਕਾਰ ਦੀ ਵਰਤੋਂ ਆਮ ਤੌਰ 'ਤੇ ਗੋਰੇ ਵਿਅਕਤੀਆਂ ਨੂੰ ਵਿਸ਼ੇਸ਼ ਅਧਿਕਾਰ ਦੇ ਸੰਦਰਭ ਵਿੱਚ ਕੀਤੀ ਜਾਂਦੀ ਹੈ, ਜਿੱਥੇ ਗੋਰੇ ਲੋਕਾਂ ਨੂੰ ਆਸਟ੍ਰੇਲੀਆ ਵਿੱਚ ਉਹ ਫਾਇਦੇ ਅਤੇ ਸੁਰੱਖਿਆਵਾਂ ਮਿਲਦੀਆਂ ਹਨ ਜੋ ਸਾਰਿਆਂ ਨੂੰ ਬਰਾਬਰ ਨਹੀਂ ਦਿੱਤੀਆਂ ਜਾਂਦੀਆਂ ਹਨ। ਇਹ ਬਸਤੀਵਾਦ ਅਤੇ ਹੋਰ ਇਤਿਹਾਸਕ ਅਤੇ ਚੱਲ ਰਹੇ ਅਭਿਆਸਾਂ ਦੇ ਕਾਰਨ ਹੈ ਜੋ ਜਾਣਬੁੱਝ ਕੇ ਜਾਂ ਅਣਜਾਣੇ ਵਿੱਚ ਗੋਰੇ ਲੋਕਾਂ ਦਾ ਪੱਖ ਪੂਰਦੇ ਹਨ।

*ਉਦਾਹਰਣ ਲਈ:* ਇੱਕ ਗੋਰਾ ਕਰਮਚਾਰੀ ਜੋ ਪਰਿਵਾਰਕ ਅੰਤਿਮ-ਸੰਸਕਾਰ ਵਿੱਚ ਸ਼ਾਮਲ ਹੋਣ ਲਈ ਛੁੱਟੀ ਦੀ ਬੇਨਤੀ ਕਰਦਾ ਹੈ, ਨੂੰ ਬਿਨਾਂ ਕੁਝ ਪੁੱਛਣ ਦੇ ਮਨਜ਼ੂਰੀ ਮਿਲ ਜਾਂਦੀ ਹੈ। ਇੱਕ ਫਸਟ ਪੀਪਲਜ਼ ਦਾ ਸਹਿਕਰਮੀ ਜੋ ਕਿਸੇ ਸਮਾਰੋਹ ਲਈ ਦੇਸ਼ ਪਰਤਣ ਲਈ ਸਭਿਆਚਾਰਕ ਛੁੱਟੀ ਦੀ ਬੇਨਤੀ ਕਰਦਾ ਹੈ, ਨੂੰ ਪ੍ਰਮਾਣ ਪੱਤਰ ਪ੍ਰਦਾਨ ਕਰਨ ਅਤੇ ਇਸਨੂੰ ਮਨਜ਼ੂਰੀ ਮਿਲਣ ਤੋਂ ਪਹਿਲਾਂ ਖ਼ਾਸ ਵੇਰਵੇ ਦੇਣ ਦੀ ਲੋੜ ਹੁੰਦੀ ਹੈ।

### ਨਸਲੀਕਰਨ

ਨਸਲੀਕਰਨ ਸਮੂਹਾਂ ਨੂੰ ਉਹਨਾਂ ਦੀ ਨਸਲ ਦੁਆਰਾ ਪਰਿਭਾਸ਼ਿਤ ਕਰਨ ਦੀ ਰਾਜਨੀਤਿਕ ਅਤੇ ਸਮਾਜਿਕ ਪ੍ਰਕਿਰਿਆ ਹੈ। ਇਹ ਸਮੂਹਾਂ ਵਿਚਕਾਰ ਅੰਤਰਾਂ ਜਾਂ ਵੱਖਰੀਆਂ ਉਮੀਦਾਂ ਨੂੰ ਸਮਝਾਉਣ ਲਈ ਨਸਲ ਦੀ ਵਰਤੋਂ ਕਰਦਾ ਹੈ। ਨਸਲੀਕਰਣ ਦੀ ਵਰਤੋਂ ਅਕਸਰ ਸਮੂਹਾਂ ਨੂੰ ਵੰਚਿਤ ਕਰਨ ਜਾਂ ਸਮਾਜ ਵਿੱਚ ਉਹਨਾਂ ਦੀ ਜਗ੍ਹਾ ਨੂੰ ਨਿਰਧਾਰਤ ਕਰਨ ਲਈ ਕੀਤੀ ਜਾਂਦੀ ਹੈ, ਇਸ ਲਈ ਕੁਝ ਸਮੂਹ 'ਨਕਾਰਾਤਮਕ ਤੌਰ' ਤੇ ਨਸਲੀਕਰਨ' ਦਾ ਸ਼ਿਕਾਰ ਹੋ ਜਾਂਦੇ ਹਨ।

*ਉਦਾਹਰਣ ਲਈ:* ਅਫ਼ਰੀਕੀ ਪੁਰਸ਼ ਹਮਲਾਵਰ, ਹਿੰਸਕ ਅਤੇ ਅਨੁਸ਼ਾਸਨਹੀਣ ਹੁੰਦੇ ਹਨ। ਇਹ (ਨਕਾਰਾਤਮਕ) ਨਸਲੀਕਰਨ ਹੈ ਕਿਉਂਕਿ ਇਹ ਸੁਝਾਅ ਦਿੰਦਾ ਹੈ ਕਿ ਸਾਰੇ ਅਫ਼ਰੀਕੀ ਪੁਰਸ਼ਾਂ ਤੋਂ ਇਸ ਤਰ੍ਹਾਂ ਦਾ ਵਿਵਹਾਰ ਕਰਨ ਦੀ ਉਮੀਦ ਕੀਤੀ ਜਾ ਸਕਦੀ ਹੈ ਅਤੇ ਇਸਦੇ ਕਾਰਨ ਉਹਨਾਂ ਨੂੰ ਵੰਚਿਤ ਰੱਖਿਆ ਜਾ ਸਕਦਾ ਹੈ।

ਸੰਯੋਜਕ A ਦੇਖੋ: ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਦੀ ਮੁੱਖ ਸ਼ਬਦਾਵਲੀ*: ਕੰਮ ਵਾਲੀ ਥਾਂ ਵਿੱਚ ਨਸਲੀ ਵਿਤਕਰਾ* ਨਸਲੀ ਸਾਖਰਤਾ ਦੇ ਨਿਰਮਾਣ ਲਈ ਜ਼ਰੂਰੀ ਕੁਝ ਹੋਰ ਸ਼ਬਦਾਂ ਦੀ ਸੰਖੇਪ ਜਾਣ-ਪਛਾਣ ਲਈ ਕੰਮ ਵਾਲੀ ਥਾਂ ਵਿੱਚ ਨਸਲੀ ਭੇਦਭਾਵ ਅਤੇ ਇਨ੍ਹਾਂ ਵਿਸ਼ਿਆਂ 'ਤੇ ਹੋਰ ਵਿਸਥਾਰ ਲਈ ਅਧਿਆਇ 2 'ਨਸਲਵਾਦ ਨੂੰ ਸਮਝਣਾ'।

**ਇਹ ਗਾਈਡ ਨਸਲੀ ਸਾਖ਼ਰਤਾ ਸੰਕਲਪਾਂ ਨੂੰ ਸੰਖੇਪ ਵਿੱਚ ਪੇਸ਼ ਕਰਦੀ ਹੈ। ਇਹ ਉਹਨਾਂ ਲਈ ਸਿਰਫ਼ ਇੱਕ ਪਹਿਲਾ ਕਦਮ ਹੈ ਜੋ ਨਸਲਵਾਦ ਵਿਰੋਧੀ ਬਣਨਾ ਚਾਹੁੰਦੇ ਹਨ। ਅਸੀਂ ਹੋਰ ਸਿਖਲਾਈ ਅਤੇ ਹੋਰ ਸਿੱਖਿਆ ਉਪਾਵਾਂ ਨੂੰ ਉਤਸ਼ਾਹਿਤ ਕਰਦੇ ਹਾਂ।**

ਵਧੇਰੇ ਜਾਣਕਾਰੀ ਲਈ, ਕਮਿਸ਼ਨ ਦੀ *ਗਾਈਡਲਾਈਨ: ਕੰਮ ਵਾਲੀ ਥਾਂ ਵਿੱਚ ਨਸਲੀ ਵਿਤਕਰਾ* ਡਾਉਨਲੋਡ ਕਰੋ ਜੋ ਕਿ humanrights.vic.gov.au/resources 'ਤੇ ਜਾਂ QR ਕੋਡ ਰਾਹੀਂ ਉਪਲਬਧ ਹੈ।

*ਇਹ ਜਾਣਕਾਰੀ ਸਿਰਫ ਇੱਕ ਗਾਈਡ ਦੇ ਰੂਪ ਵਿੱਚ ਹੈ। ਇਹ ਕਾਨੂੰਨੀ ਸਲਾਹ ਦਾ ਬਦਲ ਨਹੀਂ ਹੈ।*

# ਸਾਡੇ ਨਾਲ ਸੰਪਰਕ ਕਰੋ

| | |
|---|---|
| ਪੁੱਛਗਿੱਛ ਲਾਈਨ | 1300 292 153 ਜਾਂ (03) 9032 3583 |
| ਫ਼ੈਕਸ | 1300 891 858 |
| NRS ਵੌਇਸ ਰੀਲੇਅ | 1300 555 727 ਫਿਰ 1300 292 153 ਦੱਸੋ |
| ਦੁਭਾਸ਼ੀਏ | 1300 152 494 |
| ਈ-ਮੇਲ | enquiries@veohrc.vic.gov.au |
| ਵੈੱਬਸਾਈਟ | humanrights.vic.gov.au |
| ਟਵਿੱਟਰ 'ਤੇ ਸਾਨੂੰ ਫਾਲੋਅ ਕਰੋ | twitter.com/VEOHRC |
| ਸਾਨੂੰ Facebook 'ਤੇ ਲੱਭੋ | facebook.com/VEOHRC |

***humanrights.vic.gov.au***